**STATE OF WASHINGTON**
**DEPARTMENT OF CHILDREN, YOUTH, AND FAMILIES**
1500 Jefferson Street, SE ● P.O. Box 40975 ● Olympia WA 98504-0975

**ARCHIVED DOCUMENT.** As of July 1, 2022, this document is no longer in force.

8 ਜੂਨ, 2020
ਮਾਤਾ-ਪਿਤਾ ਨੂੰ ਪੱਤਰ

ਜਿਵੇਂ ਕਿ ਤੁਸੀਂ ਇਹ ਪੱਤਰ ਪੜ੍ਹ ਰਹੇ ਹੋ, ਮੈਨੂੰ ਉਮੀਦ ਹੈ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਸੁਰੱਖਿਅਤ ਅਤੇ ਸਿਹਤਮੰਦ ਹੋ। ਤੁਹਾਡੇ ਧੀਰਜ ਅਤੇ ਸਮਝਦਾਰੀ ਲਈ ਧੰਨਵਾਦ ਕਿਉਂਕਿ ਅਸੀਂ ਪਿਛਲੇ ਕੁਝ ਮਹੀਨਿਆਂ ਦੇ ਦੌਰਾਨ ਜੀਵਨ ਵਿੱਚ ਵੱਡੇ ਬਦਲਾਅਵਾਂ ਲਈ ਤੁਹਾਡੇ ਵਰਗਿਆਂ ਨੂੰ ਸਮਾਯੋਜਿਤ ਕਰ ਰਹੇ ਹਾਂ। ਅਸੀਂ ਇਹਨਾਂ ਔਖੀਆਂ ਘੜੀਆਂ ਦੇ ਦੌਰਾਨ ਪਰਿਵਾਰਾਂ ਦੇ ਆਸ਼ਾਵਾਦ, ਨਿਮਰਤਾ ਅਤੇ ਵਿਸ਼ਵਾਸ ਦੀ ਸ਼ਲਾਘਾ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਜਦੋਂ ਕਿ ਤੁਹਾਡੇ ਵਿੱਚੋਂ ਕੁਝ ਨੇ ਵਰਚੁਅਲ ਸੇਵਾਵਾਂ ਲਈ ਸ਼ਿਫ਼ਟ ਦੀ ਸ਼ਲਾਘਾ ਕੀਤੀ ਹੈ, ਤਾਂ ਇਨ-ਪਰਸਨ ਸੇਵਾਵਾਂ ਵਿੱਚ ਠਹਿਰਾਓ ਦੂਜਿਆਂ ਲਈ ਔਖਾ ਹੈ।

ਵਾਸ਼ਿੰਗਟਨ ਰਾਜ ਵਿੱਚ COVID-19 ਦੇ ਹੁਣ ਤੱਕ ਦੇ ਪ੍ਰਭਾਵ ਅਤੇ ਸੇਵਾਵਾਂ ਪ੍ਰਾਪਤ ਕਰ ਰਹੇ ਪਰਿਵਾਰਾਂ ਅਤੇ ਬੱਚਿਆਂ ਦੀ ਸਿਹਤ ਅਤੇ ਕਲਿਆਣ ਲਈ ਚਿੰਤਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਏ ਸਟਾਫ਼ ਦੇ ਆਧਾਰ 'ਤੇ, Early Support for Infants and Toddlers (ESIT) ਦੇ ਰਾਜ ਪੱਧਰੀ ਦਫ਼ਤਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਇਨ-ਪਰਸਨ ਸੇਵਾਵਾਂ ਨੂੰ ਸੀਮਤ ਛੋਟਾਂ ਦੇ ਨਾਲ ਰੋਕਣਾ ਜਾਰੀ ਰੱਖਿਆ ਜਾਵੇਗਾ।

ਅਸੀਂ ਸੁਣਿਆ ਹੈ ਕਿ ਤੁਹਾਡੇ ਵਿੱਚੋਂ ਕਈ ਜਿੰਨ੍ਹਾਂ ਨੇ ਵਰਚੁਅਲ ਸੇਵਾਵਾਂ ਲਈ ਸ਼ਿਫ਼ਟ ਵਿੱਚ ਬਦਲਾਅ ਕੀਤਾ ਹੈ, ਉਹਨਾਂ ਨੇ ਨਿਮਰਤਾ, ਸੇਵਾਵਾਂ ਤੱਕ ਵਧੇਰੇ ਆਸਾਨ ਪਹੁੰਚ ਅਤੇ ਪ੍ਰਦਾਤਿਆਂ ਤੋਂ ਸੁਧਾਰੀ ਗਈ ਕੋਚਿੰਗ ਦਾ ਅਨੰਦ ਲਿਆ ਹੈ। ਬਹੁਤ ਕੁਝ ਸੰਸ਼ੋਧਨ ਵਿੱਚ ਹੈ ਜੋ ਵਰਚੁਅਲ ਸੇਵਾਵਾਂ ਦੀ ਪ੍ਰਭਾਵਿਕਤਾ ਦਾ ਸਮਰਥਨ ਕਰਦਾ ਹੈ ਅਤੇ ਇਹ ਸੇਵਾ ਵਿਤਰਣ ਦ੍ਰਿਸ਼ਟੀਕੋਣ ਇੱਕ ਵਿਕਲਪ ਵਜੋਂ ਜਾਰੀ ਰਹੇਗੀ।

ਜੇਕਰ ਤੁਸੀਂ ਉਹ ਮਾਤਾ-ਪਿਤਾ ਹੋ ਜਿੰਨ੍ਹਾਂ ਨੇ ਸੇਵਾਵਾਂ ਪ੍ਰਾਪਤ ਕਰਨ ਲਈ ਉਦੋਂ ਤੱਕ ਉਡੀਕ ਕਰਨ ਦਾ ਫ਼ੈਸਲਾ ਲਿਆ ਹੈ, ਜਦੋਂ ਤੱਕ ਕੋਈ ਇਨ-ਪਰਸਨ ਡਿਲੀਵਰੀ ਨਹੀਂ ਕੀਤੀ ਜਾ ਸਕਦੀ ਹੈ, ਤਾਂ ਮੈਂ ਤੁਹਾਨੂੰ ਵਰਚੁਅਲ ਸੇਵਾਵਾਂ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕਰਦਾ ਹਾਂ। *ਅਸੀਂ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਤੁਹਾਡੇ ਬੱਚੇ ਦੇ ਜੀਵਨ ਵਿੱਚ ਤੇਜ਼ੀ ਨਾਲ ਵਿਕਾਸਾਤਮਕ ਬਦਲਾਅ ਦੀ ਇਸ ਮਿਆਦ ਦੇ ਦੌਰਾਨ ਮਹੱਤਵਪੂਰਨ ਸਮੇਂ ਨੂੰ ਨਾ ਗੁਆਇਆ ਜਾਵੇ।* ਅਸੀਂ ਇਹ ਵੀ ਜਾਣਦੇ ਹਾਂ ਕਿ ਵਰਚੁਅਲ ਸੇਵਾਵਾਂ ਦੇ ਰਾਹੀਂ ਸਭ ਜ਼ਰੂਰਤਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਹੈ। *ਸਭ* ਬੱਚਿਆਂ ਅਤੇ ਪਰਿਵਾਰਾਂ ਦੀਆਂ ਵਿਅਕਤੀਗਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਅਸੀਂ ਉਹਨਾਂ ਲੋਕਾਂ ਦੇ ਅਪਵਾਦਾਂ ਨੂੰ ਪਛਾਣਨ ਲਈ ਸਿਸਟਮ ਵਿਕਸਿਤ ਕਰ ਰਹੇ ਹਾਂ, ਜਿੰਨ੍ਹਾਂ ਨੂੰ ਇਨ-ਪਰਸਨ ਸੇਵਾਵਾਂ ਵਿੱਚ ਵੱਧ ਵਿਆਪਕ ਵਾਪਸੀ ਤੋਂ ਪਹਿਲਾਂ ਸੀਮਿਤ ਇਨ-ਪਰਸਨ ਸੇਵਾਵਾਂ ਦੀ ਲੋੜ ਹੁੰਦੀ ਹੈ। ਅਸੀਂ ਇਹ ਫ਼ੈਸਲਾ ਕਰਾਂਗੇ ਕਿ ਬੱਚਿਆਂ, ਮਾਪਿਆਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਰਮਚਾਰੀਆਂ ਦੀ ਸੁਰੱਖਿਆ ਯਕੀਨੀ ਕਰਦੇ ਹੋਏ ਸੇਵਾਵਾਂ ਕਿੱਥੋਂ ਅਤੇ ਕਿਵੇਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਸੀਮਿਤ ਇਨ-ਪਰਸਨ ਸੇਵਾਵਾਂ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਮੇਂ ਅਤੇ ਵਿਕਲਪਾਂ 'ਤੇ ਚਰਚਾ ਕਰਨ ਲਈ ਆਪਣੇ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ।

ਇਨ-ਪਰਸਨ ਸੇਵਾਵਾਂ ਵਿੱਚ ਸੁਰੱਖਿਅਤ ਵਾਪਸੀ ਲਈ ਪਲਾਨਿੰਗ ਦਾ ਸਮਰਥਨ ਕਰਨ ਵਾਸਤੇ, ਇੱਕ ਛੋਟਾ ਕਾਰਜ ਸਮੂਹ ਜਿਸ ਵਿੱਚ ਸੇਵਾ ਪ੍ਰਦਾਤਾ ਅਤੇ ਪਰਿਵਾਰ ਦੋਵੇਂ ਸ਼ਾਮਲ ਹਨ, ESIT ਜੋ ਕਿ Governor Inslee's Safe Start ਨਾਲ ਇਨ-ਲਾਈਨ ਹੈ, ਲਈ ਇੱਕ ਪਲਾਨ ਬਣਾ ਰਹੇ ਹਨ।

ਇਸ ਕਾਰਜ-ਸਮੂਹ ਦੇ ਟੀਚਿਆਂ ਵਿੱਚ ਸ਼ਾਮਲ ਹੈ:

ARCHIVED

1. ਅਪਵਾਦਾਂ ਨੂੰ ਲਾਗੂ ਕਰਨ ਲਈ ਸਿਫਾਰਿਸ਼ਾਂ ਨੂੰ ਵਿਕਸਿਤ ਕਰਨਾ, ਜੋ ਨਵਜਾਤਾਂ ਅਤੇ ਛੋਟੇ ਬੱਚਿਆਂ ਜਿੰਨ੍ਹਾਂ ਕੋਲ ਇਨ-ਪਰਸਨ ਸਹਿਯੋਗ ਪ੍ਰਾਪਤ ਰਨ ਲਈ ਜ਼ਰੂਰੀ, ਛੋਟੇ ਸਮੇਂ ਦੀ ਲੋੜ ਹੈ, ਲਈ ਇੱਕ ਛੋਟੇ ਸਮੂਹ ਨੂੰ ਆਗਿਆ ਦੇਵੇਗਾ।
2. Governor Inslee’s Safe Start ਪਲਾਨ ਨਾਲ ਇਨ-ਲਾਈਨ ਵਿੱਚ ਲਾਗੂ ਕੀਤੇ ਜਾਣ ਲਈ ਖੇਤਰੀ ਪਹੁੰਚ ਦੀ ਵਰਤੋਂ ਕਰਕੇ ਇਨ-ਪਰਸਨ ਸੇਵਾਵਾਂ ਨੂੰ ਵਾਪਿਸ ਲੈਣ ਲਈ ਇੱਕ ਪਲਾਨ ਬਣਾਇਆ ਜਾ ਰਿਹਾ ਹੈ।

ਸਾਡਾ ਪਲਾਨ ਰਾਜ ਭਰ ਤੋਂ ESIT ਸੇਵਾ ਪ੍ਰਦਾਤਿਆਂ ਅਤੇ ਮੁੱਖ ਤੌਰ 'ਤੇ ਪਰਿਵਾਰਾਂ ਤੋਂ ਪ੍ਰਾਪਤ ਪ੍ਰਤੀਕਿਰਿਆ ਸ਼ਾਮਲ ਕਰੇਗਾ।

ਬਹੁਤ ਜਲਦੀ ਹੀ ਅਸੀਂ ਇੱਕ ਪਰਿਵਾਰ ਸਰਵੇਖਣ ਵੀ ਵੰਡਾਂਗੇ ਜੋ ਸਾਡੀ ਉਹਨਾਂ ਪਰਿਵਾਰਾਂ ਦੇ ਅਨੁਭਵ ਅਤੇ ਚੁਣੌਤੀਆਂ ਨੂੰ ਸਮਝਣ ਵਿੱਚ ਮਦਦ ਕਰੇਗਾ ਜੋ ਇਸ ਔਖੀ ਘੜ੍ਹੀ ਦੇ ਦੌਰਾਨ ESIT ਸੇਵਾਵਾਂ ਪ੍ਰਾਪਤ ਕਰ ਰਹੇ ਹਨ।

ਜੇਕਰ ਤੁਹਾਡੇ ਕੋਲ ਕੋਈ ਅਜਿਹੇ ਪ੍ਰਸ਼ਨ, ਚਿੰਤਾਵਾਂ, ਜਾਂ ਵਿਚਾਰ ਹਨ, ਜਿੰਨ੍ਹਾਂ ਨੂੰ ਤੁਸੀਂ ਕਾਰਜ ਸਮੂਹ ਨਾਲ ਸਾਂਝਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਮੈਨੂੰ laurie.thomas@dcyf.wa.gov'ਤੇ ਸੰਪਰਕ ਕਰੋ।

ਅਸੀਂ ਤੁਹਾਡੇ ਧੀਰਜ ਲਈ ਧੰਨਵਾਦੀ ਹਾਂ ਕਿਉਂਕਿ ਅਸੀਂ ਇਕੱਠੇ ਕੰਮ ਕਰਦੇ ਹਾਂ।

ਸ਼ੁਭਚਿੰਤਕ,

Laurie Thomas
Administrator
Early Support for Infants and Toddlers Program

ARCHIVED